# ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਇਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 22.02.2023 ਨੂੰ ਬਾਅਦ ਦੁਪਹਿਰ 3.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਸਾਹਿਬਾਨ ਨੇ ਹਿੱਸਾ ਲਿਆ।

ਸ਼੍ਰੀਮਤੀ ਰਮਨ ਗੋਇਲ
ਮੇਅਰ

ਸ਼੍ਰੀ ਰਾਹੁਲ, ਆਈ.ਏ.ਐਸ.
ਕਮਿਸ਼ਨਰ

ਸ਼੍ਰੀ ਅਸ਼ੋਕ ਕੁਮਾਰ
ਸੀਨੀਅਰ ਡਿਪਟੀ ਮੇਅਰ

ਸ੍ਰ: ਹਰਮੰਦਰ ਸਿੰਘ
ਡਿਪਟੀ ਮੇਅਰ

ਸ਼੍ਰੀ ਬਲਜਿੰਦਰ ਸਿੰਘ
ਮੈਂਬਰ ਐਫ.ਐਂਡ ਸੀ.ਸੀ.

ਸ਼੍ਰੀਮਤੀ ਪ੍ਰਵੀਨ ਗਰਗ
ਮੈਂਬਰ ਐਫ.ਐਂਡ ਸੀ.ਸੀ.

<table>
<tr><th>ਲੜੀ ਨੰ:</th><th>ਮਤਾ ਨੰ:</th><th>ਏਜੰਡਾ ਆਈਟਮ ਨੰ:</th><th>ਮਤਾ ਜੋ ਪਾਸ ਹੋਇਆ</th></tr>
<tr><td>1</td><td>412</td><td><u>ਏਜੰਡਾ ਨੰ: 1:</u><br><br>ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 19.12.2022 ਦੀ ਕਾਰਵਾਈ ਦੀ ਪਕਿਆਈ।</td><td>ਮੀਟਿੰਗ ਦੀ ਪਕਿਆਈ ਤੋਂ ਪਹਿਲਾਂ ਐਫ.ਐਂਡ ਸੀ.ਸੀ. ਦੇ ਮਤਾ ਨੰਬਰ 407 ਮਿਤੀ 19.12.2022 ਵਿੱਚ ਕਲੈਰੀਕਲ ਮਿਸਟੇਕ ਕਾਰਨ The Taj Coop L/C Society Ltd. ਦੇ ਰੇਟ (–)15.01% ਟਾਈਪ ਕੀਤੇ ਗਏ ਸਨ, ਜਦਕਿ ਇਹ ਰੇਟ (–)9.01% ਘੱਟ ਹਨ। ਤੁਲਨਾਤਮਕ ਸੂਚੀ ਵਿੱਚ ਇਹ ਰੇਟ ਸਹੀ ਦਰਜ਼ ਕੀਤੇ ਗਏ ਸਨ। ਉਕਤ ਅਨੁਸਾਰ ਦਰੁੱਸਤੀ ਕਰਦੇ ਹੋਏ ਮੀਟਿੰਗ ਮਿਤੀ 19.12.2022 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2</td><td>413</td><td><u>ਏਜੰਡਾ ਨੰ: 2:</u><br><br>ਰਿਪੋਰਟ ਵਰਕਸ ਸ਼ਾਖਾ ਕਿ P/F of ACs and Invertors for conversion of existing Primary Health Centres in Mohalla Clinics at different parts of the city ਦੇ ਮੁਬਲਿਗ 6.72 ਲੱਖ ਰੁਪਏ ਦੇ ਟੈਂਡਰ ਪਹਿਲੀ ਵਾਰ ਮਿਤੀ 20.12.2022 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਦੋ ਟੈਂਡਰ ਪ੍ਰਾਪਤ ਹੋਏ ਹਨ:<br><br>ਲੜੀ ਨੰ: | ਏਜੰਸੀ ਦਾ ਨਾਮ | ਓਵਰਆਲ ਲੈਸ | ਟੈਂਡਰ ਕੀਤੀ ਰਕਮ<br>1. | Guru Nanak Traders | (–) 10.70% | 600096.00<br>2. | The Taj Co-op L/C Society Ltd. | (–) 5.01% | 638332.80<br><br>ਉਕਤ ਪ੍ਰਾਪਤ ਬਿੱਡ ਵਿੱਚ Guru Nanak Traders ਦੇ ਰੇਟ (–) 10.70% ਤਖਮੀਨੇ ਨਾਲੋਂ ਘੱਟ ਹਨ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>3</td><td>414</td><td><u>ਏਜੰਡਾ ਨੰ: 3:</u><br><br>ਰਿਪੋਰਟ ਵਰਕਸ ਸ਼ਾਖਾ ਕਿ Construction of toilet block at Aam Aadmi Clinic Ganesha Basti ਦੇ ਮੁਬਲਿਗ 4.14 ਲੱਖ ਰੁਪਏ ਦੇ ਟੈਂਡਰ ਪਹਿਲੀ ਵਾਰ ਮਿਤੀ 20.12.2022 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਤਿੰਨ ਟੈਂਡਰ ਪ੍ਰਾਪਤ ਹੋਏ ਹਨ:</td><td></td></tr>
</table>

<table>
<tr>
<td></td>
<td></td>
<td>
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>The Virk Khurd Co-op L/C Society Ltd.</td><td>(–) 12.99%</td><td>360221.40</td></tr>
<tr><td>2.</td><td>The Taj Co-op L/C Society Ltd.</td><td>(–) 9.01%</td><td>376698.60</td></tr>
<tr><td>3.</td><td>The Baba Balwant Muni Co-op L/C Society Ltd.</td><td>(–) 7.99%</td><td>380921.40</td></tr>
</table>
ਉਕਤ ਪ੍ਰਾਪਤ ਬਿੱਡ ਵਿੱਚ The Virk Khurd Co-op L/C Society Ltd. ਦੇ ਰੇਟ (–) 12.99% ਤਖਮੀਨੇ ਨਾਲੋਂ ਘੱਟ ਹਨ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।</td>
</tr>
<tr>
<td>4</td>
<td>415</td>
<td>
<u>ਏਜੰਡਾ ਨੰ: 4:</u><br>
ਰਿਪੋਰਟ ਸਟੋਰਕੀਪਰ ਕਿ Supply of Uniform for Fire Brigade Staff (Winter Uniform) ਦੇ ਮੁਬਲਿਗ 294756/- ਰੁਪਏ ਦੇ ਟੈਂਡਰ ਮਿਤੀ 21.12.2022 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਤਿੰਨ ਟੈਂਡਰ ਪ੍ਰਾਪਤ ਹੋਏ ਹਨ:
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>Guru NanakTraders</td><td>(–) 7.70%</td><td>272059-79</td></tr>
<tr><td>2.</td><td>AAR AAR Enterprises</td><td>(–) 22.22%</td><td>229261-22</td></tr>
<tr><td>3.</td><td>Panav Contraction Company</td><td>(–) 20.50%</td><td>234331-02</td></tr>
</table>
ਉਕਤ ਅਨੁਸਾਰ ਫਾਇਰ ਸਟਾਫ ਦੇ ਮੁਲਾਜ਼ਮਾਂ ਦੀਆਂ ਵਰਦੀਆਂ ਦੀ ਖਰੀਦ ਕਰਨ ਲਈ ਤਿੰਨ ਟੈਂਡਰ ਪ੍ਰਾਪਤ ਹੋਏ ਹਨ, ਜਿੰਨ੍ਹਾਂ ਵਿੱਚੋਂ ਸੱਭ ਤੋਂ ਘੱਟ ਰੇਟ AAR AAR Enterprises ਦੇ ਪ੍ਰਾਪਤ ਹੋਏ ਹਨ। ਫਰਮ ਵੱਲੋਂ (-) 22.22% ਲੈਸ ਤੇ ਵਰਦੀਆਂ ਦੇਣ ਦੀ ਪੇਸ਼ਕਸ਼ ਕੀਤੀ ਹੈ। ਉਕਤ ਅਨੁਸਾਰ ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।</td>
</tr>
<tr>
<td>5</td>
<td>416</td>
<td>
<u>ਏਜੰਡਾ ਨੰ: 5:</u><br>
ਰਿਪੋਰਟ ਵਰਕਸ ਸ਼ਾਖਾ ਕਿ Purchase of Board size 3ftx2ft for Road Gang ਦੇ ਮੁਬਲਿਗ 3.51 ਲੱਖ ਰੁਪਏ ਦੇ ਟੈਂਡਰ ਮਿਤੀ 21.12.2022 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 6 ਟੈਂਡਰ ਪ੍ਰਾਪਤ ਹੋਏ ਹਨ:
</td>
<td></td>
</tr>
</table>

<table>
<tr>
<td></td>
<td></td>
<td>
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>Sita Ram Contractor</td><td>(–) 22.35%</td><td>272551.50</td></tr>
<tr><td>2.</td><td>Munish Kumar Contractor</td><td>(–) 5.25%</td><td>332572.50</td></tr>
<tr><td>3.</td><td>Guru Nanak Traders</td><td>(–) 10.70%</td><td>313443.00</td></tr>
<tr><td>4.</td><td>R B Builders</td><td>(–) 17.23%</td><td>290522.70</td></tr>
<tr><td>5.</td><td>Panav Contaction Company</td><td>(–) 18.10%</td><td>287469.00</td></tr>
<tr><td>6.</td><td>Shakti Engineering company</td><td>(–) 33.33%</td><td>234011.70</td></tr>
</table>
ਉਕਤ ਅਨੁਸਾਰ ਪ੍ਰਾਪਤ ਹੋਏ ਰੇਟਾਂ ਮੁਤਾਬਿਕ ਸੱਭ ਤੋਂ ਘੱਟ ਰੇਟ Shakti Engineering Company ਦੇ (–) 33.33% ਲੈਸ ਪ੍ਰਾਪਤ ਹੋਏ ਹਨ। ਉਕਤ ਅਨੁਸਾਰ ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।</td>
</tr>
<tr>
<td>6</td>
<td>417</td>
<td><u>ਏਜੰਡਾ ਨੰ: 6:</u><br><br>ਰਿਪੋਰਟ ਫਾਇਰ ਬ੍ਰਿਗੇਡ ਸ਼ਾਖਾ ਕਿ ਫਾਇਰ ਟੈਂਡਰ ਨੰਬਰ PB 03 E 4229 ਨੂੰ ਨੀਲਾਮ ਕਰਨ ਲਈ www.tenderwizard.com/DLGP ਤੇ ਬੋਲੀ ਮੰਗੀ ਗਈ ਸੀ, ਜਿਸਦੀ ਰਜਿਸਟ੍ਰੇਸ਼ਨ ਦੀ ਮਿਤੀ 05.12.2022 ਤੋਂ 26.12.2022 ਨੂੰ ਸਵੇਰੇ 11.00 ਵਜੇ ਤੱਕ ਸੀ। ਪਰੰਤੂ ਮਿਤੀ 26.12.2022 ਨੂੰ ਆਨ-ਲਾਈਨ ਟੈਂਡਰ ਖੋਲਿਆ ਗਿਆ, ਜਿਸ ਵਿੱਚ ਸਿਰਫ ਇੱਕ ਆਨ-ਲਾਈਨ ਬਿੱਡ ਹੀ ਪ੍ਰਾਪਤ ਹੋਈ ਸੀ, ਜਿਸਦੀ ਕੀਮਤ 82,000/- ਰੁਪਏ ਲਗਾਈ ਗਈ ਸੀ। ਉਸ ਤੋਂ ਉਪਰੰਤ ਮਿਤੀ 05.01.2023 ਤੋਂ 20.01.2023 ਤੱਕ ਬਿੱਡ ਰਜਿਸਟ੍ਰੇਸ਼ਨ ਮੰਗੀ ਗਈ ਸੀ, ਜਿਸ ਵਿੱਚ 07 ਫਰਮਾਂ/ਏਜੰਸੀਆਂ/ਵਿਅਕਤੀਆਂ ਵੱਲੋਂ e-Auction ਲਈ ਰਜਿਸਟ੍ਰੇਸ਼ਨ ਕਰਵਾਈ ਗਈ ਸੀ। ਜਿਸ ਸਬੰਧੀ ਮਿਤੀ 23.01.2023 ਤੋਂ 25.01.2023 ਤੱਕ e-Auction ਕਰਵਾਈ ਗਈ। ਜਿਸ ਵਿੱਚ ਸੱਭ ਤੋਂ ਵੱਧ ਬੋਲੀ JAI BABA VISHAVKARMA ENTERPRISES ਵੱਲੋਂ 2,82,000/- ਰੁਪਏ ਲਗਾਈ ਗਈ ਹੈ। ਬੋਲੀ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।</td>
</tr>
<tr>
<td colspan="4"><u>ਇਸ ਉਪਰੰਤ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਜੀ ਵੱਲੋਂ ਹੇਠ ਲਿਖੇ ਅਨੁਸਾਰ ਪੇਸ਼ ਕੀਤੀਆਂ ਮੱਦਾਂ ਤੇ ਵਿਚਾਰ ਕੀਤਾ ਗਿਆ:</u></td>
</tr>
</table>

<table>
<tr><th>ਲੜੀ ਨੰ:</th><th>ਮਤਾ ਨੰ:</th><th>ਏਜੰਡਾ ਆਈਟਮ ਨੰ:</th><th>ਮਤਾ ਜੋ ਪਾਸ ਹੋਇਆ</th></tr>
<tr><td>1</td><td>418</td><td>ਏਜੰਡਾ ਨੰ: 1:<br><br>ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ Providing Street lights on 19ft. approach road to green city Phase-4 ad Wazir-E-Bagh Green City on Dabwali Road ਦੇ ਮੁਬਲਿਗ 9.72 ਲੱਖ ਰੁਪਏ ਦੇ ਟੈਂਡਰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 4 ਟੈਂਡਰ ਪ੍ਰਾਪਤ ਹੋਏ ਹਨ:<br><br>
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr>
<tr><td>1.</td><td>Guru Nanak Electric Company</td><td>(–) 30.85%</td><td>672138.00</td></tr>
<tr><td>2.</td><td>Jai Durga Electricals</td><td>(–) 48.00%</td><td>505440.00</td></tr>
<tr><td>3.</td><td>Guru Nanak Traders</td><td>(–) 40.07%</td><td>582519.60</td></tr>
<tr><td>4.</td><td>M/s. Supertech Engineers</td><td>(–) 10.77%</td><td>867315.60</td></tr>
</table>
<br>ਉਕਤ ਅਨੁਸਾਰ ਪ੍ਰਾਪਤ ਹੋਏ ਰੇਟਾਂ ਮੁਤਾਬਿਕ ਸੱਭ ਤੋਂ ਘੱਟ ਰੇਟ Jai Durga Electricals ਦੇ (–) 48% ਲੈਸ ਪ੍ਰਾਪਤ ਹੋਏ ਹਨ। ਉਕਤ ਅਨੁਸਾਰ ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>Jai Durga electrical ਫਰਮ ਵੱਲੋਂ 48% ਲੈਸ ਰੇਟ ਪਾਏ ਗਏ ਹਨ। ਫਰਮ ਵੱਲੋਂ ਤਖਮੀਨੇ ਦੇ ਰੇਟਾਂ ਤੋਂ ਬਹੁਤ ਜਿਆਦਾ ਘੱਟ ਰੇਟ ਪਾਏ ਗਏ ਹਨ। ਇਸ ਲਈ ਯੋਗ ਹੋਵੇਗਾ ਕਿ ਪਹਿਲਾਂ ਫਰਮ ਨਾਲ ਤਾਲਮੇਲ ਕਰਕੇ ਅੰਡਰਟੇਕਿੰਗ ਲੈ ਲਈ ਜਾਵੇ ਕਿ ਉਹ ਇਸ ਰੇਟ ਤੇ ਨਿਰਧਾਰਤ ਕੰਮ ਕਰਨ ਲਈ ਤਿਆਰ ਹੈ। ਅੰਡਰਟੇਕਿੰਗ ਲੈਣ ਉਪਰੰਤ ਦੁਬਾਰਾ ਰਿਪੋਰਟ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ ਪੇਸ਼ ਕੀਤੀ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।</td></tr>
<tr><td>2</td><td>419</td><td>ਏਜੰਡਾ ਨੰ: 2:<br><br>ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ, ਬਠਿੰਡਾ ਵੱਲੋ ਵੱਖ-ਵੱਖ ਸਮੇਂ ਤੇ ਬੀ.ਡੀ.ਏ, ਬਠਿੰਡਾ ਦੇ ਨਵੇਂ ਇਲਾਕੇ ਜਿਵੇਂ ਕਿ ਫੇਜ- 3,4,5 ਅਤੇ ਨਰੂਆਣਾ ਇਸਟੇਟ take over ਕੀਤੇ ਗਏ ਸਨ। Take over ਕਰਨ ਉਪਰੰਤ ਇਹਨਾਂ ਜਗ੍ਹਾ ਤੇ ਸਫਾਈ ਵਿਵਸਥਾ ਅਤੇ ਸੋਲਿਡ ਵੇਸਟ ਮੈਨੇਜਮੈਂਟ ਕਰਨ ਦੀ ਜਿੰਮੇਵਾਰੀ ਨਗਰ ਨਿਗਮ, ਬਠਿੰਡਾ ਦੀ ਹੈ। ਨਿਗਮ ਦੇ ਹਾਊਸ ਵੱਲੋ ਮਤਾ ਨੰਬਰ 55 ਮਿਤੀ 25.11.2021 ਰਾਂਹੀ ਫੇਜ-4,5 ਲਈ 40 ਸਫਾਈ ਕਰਮਚਾਰੀ ਮਤਾ ਨੰਬਰ 106 ਮਿਤੀ 19.07.2022 ਰਾਂਹੀ ਫੇਜ-3 ਅਤੇ ਨਰੂਆਣਾ ਇਸਟੇਟ ਲਈ 65 ਸਫਾਈ ਕਰਮਚਾਰੀ ਆਊਟ-ਸੋਰਸ ਪ੍ਰਣਾਲੀ ਰਾਂਹੀ ਰੱਖਣ ਲਈ ਪ੍ਰਵਾਣਗੀ ਦਿੱਤੀ ਗਈ ਸੀ। ਇਹ ਕਿ ਭਾਰਤ ਸਰਕਾਰ ਦੇ ਅਦਾਰੇ Ministry of Housing and Urban Affair (MoHUA) ਵੱਲੋNational Urban Livelihood Mission (NULM) ਅਧੀਨ ਲੋਕਾ ਨੂੰ ਆਤਮ-ਨਿਰਭਰ ਕਰਨ ਦੇ ਮਨਤਵ ਨਾਲ ਵਿੱਤੀ ਅਤੇ ਹੋਰ ਸਹਾਇਤਾ ਕਰਦੇ ਹੋਏ National Urban Livelihoods Mission ( NULM) ਅਤੇ Swachh Bharat Mission ਦਾ Convergence ਪ੍ਰੋਗਰਾਮ ਉਲੀਕਿਆ ਗਿਆ ਹੈ।ਜਿਸ ਨੂੰ ਲਾਗੂ ਕਰਨ ਵਾਲੀ ਏਜੰਸੀ ਭਾਰਤ ਸਰਕਾਰ (NULM, MoHUA) ਹੈ ਅਤੇ ਇਸ ਪ੍ਰੋਗਰਾਮ ਨੂੰ ਯੂ.ਐਲ.ਬੀ ਲੈਵਲ ਤੇ ਲਾਗੂ ਕੀਤਾ ਜਾਣਾ ਹੈ। ਇਸ ਨੂੰ ਲਗੂ ਕਰਨ ਲਈ ਸੈਲਫ ਹੈਲਪ ਗਰੁਪ ਬਣਾਏ ਜਾਣੇ ਹਨ ਸੈਲਫ ਹੈਲਪ ਗਰੁਪ ਤੋ ਬਾਦ ਇਹਨਾਂ ਦਾ ਸਮੂਹ ਏ.ਐਲ.ਐਸ (ਏਰੀਆ ਲੈਵਲ ਸੋਸਾਇਟੀ) ਤਿਆਰ ਕੀਤਾ ਜਾਵੇਗਾ। ਏ.ਐਲ.ਐਸ (ਏਰੀਆ ਲੈਵਲ ਸੋਸਾਇਟੀ) ਦੀ ਰਜਿਸਰੇਸ਼ਨ City Livelihood Centre ਵੱਲੋ ਕੀਤੀ ਜਾਣੀ ਹੈ।</td><td></td></tr>
</table>

ਉਕਤ ਕੰਮ ਕਰਨ ਸਬੰਧੀ ਇੱਕ MOU ( Memorandum of Understanding ) ਦਾ ਡਰਾਫਟ ਤਿਆਰ ਕੀਤਾ ਗਿਆ ਹੈ।

ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾ ਅਨੁਸਾਰ

| **% ਰਿਹਾਇਸ਼** | **% ਕੰਮ (ਸਫਾਈ) ਤੇ ਲਗਾਏ ਜਾਣਵਾਲੀ ਲੇਬਰ** |
|---|---|
| 75 % | 100% |
| 50% | 75% |
| 25% | 50% |

ਡੋਰ-ਟੂ-ਡੋਰ ਗਾਰਬੇਜ਼ ਕੁਲੈਕਸ਼ਨ ਲਈ

| **ਘਰਾਂ/ਦੁਕਾਨਾ ਦੀ ਸੰਖਿਆ** | **ਲਗਾਏ ਜਾਣਾ ਵਾਲੇ ਕਰਮਚਾਰੀਆ (ਸਫਾਈ) ਦੀ ਸੰਖਿਆ** |
|---|---|
| 300 | 01 |

ਉਕਤ ਦੋਨੋ ਕੰਮ ( ਗਲੀਆ /ਸੜਕਾ ਦੀ ਸਫਾਈ ਅਤੇ ਸੋਲਿਡ ਵੇਸਟ ਮੈਨੇਜਮੈਂਟ) ਵੱਖ-ਵੱਖ ਸੈਲਫ ਹੈਲਪ ਗਰੁਪਾਂ ਵੱਲੋ ਹੇਠ ਲਿਖੇ ਅਨੁਸਾਰ ਕੀਤੇ ਜਾਣੇ ਹਨ :

1. ਗਲੀਆ/ਸੜਕਾਂ ਦੀ ਸਫਾਈ ਲਈ ਵੱਖਰੇ ਤੋਰ ਤੇ ਸੈਲਫ ਹੈਲਪ ਗਰੁਪ ਰਜਿਸਟਰਡ ਕੀਤੇ ਜਾਣੇ ਹਨ ਜ਼ੋ ਕਿ MC Nahan (Himachal Pardesh) ਮਾਡਲ ਅਨੁਸਾਰ ਕੰਮ ਕਰੇਗੀ ਇਸ ਸਬੰਧੀCity Livelihood Centre ਨੂੰ ਕਿਸੇ ਤਰ੍ਹਾ ਦੀ ਵਖਰੀ ਅਦਾਇਗੀ/ਹੋਰ ਲਾਭ ਨਹੀ ਦਿੱਤਾ ਜਾਵੇਗਾ।

2. ਸੋਲਿਡ ਵੇਸਟ ਮੈਨੇਜਮੈਂਟ ਲਈਵੱਖਰੇ ਤੋਰ ਤੇ ਸੈਲਫ ਹੈਲਪ ਗਰੁਪ ਰਜਿਸਟਰਡ ਕੀਤੇ ਜਾਣੇ ਹਨ ਜ਼ੋ ਕਿ MC Ambikapur (Chattisgarh)ਮਾਡਲ ਅਨੁਸਾਰ ਕੰਮ ਕਰਨਗੇ।

ਉਕਤ ਕੰਮ ( ਗਲੀਆਂ/ਨਾਲੀਆ ਦੀ ਸਾਫ ਸਫਾਈ ਅਤੇ ਸੋਲਿਡ ਵੇਸਟ ਮੈਨੇਜਮੈਂਟ ਰੂਲਜ਼-2016 ਅਨੁਸਾਰ ਸੋਲਿਡ ਵੇਸਟ ਮੈਨੇਜਮੈਂਟ) ਲਈ ਕੁਝ ਬੁਨਿਆਦੀ ਢਾਚੇ ਦੀ ਵੀ ਲੋੜ ਹੈ ਜਿਵੇਂ ਕਿ ਇਲਾਕੇ ਲਈ ਪਿੱਟ ਤਿਆਰ ਕਰਨੀਆ ਅਤੇ ਐਮ.ਆਰ.ਐਫ ਸੈਂਟਰ (ਮੈਟੀਰਿਅਲ ਰਿਕਵਰੀ ਸੈਂਟਰ) ਰੇਹੜੀ ਅਤੇ ਪਿੱਟਾਂ ਅਤੇ ਐਮ.ਆਰ.ਐਫ ਸੈਂਟਰ ਅੰਦਰ ਵਰਤੋ ਵਿੱਚ ਆਉਣ ਵਾਲਾ ਸਮਾਨ ਆਦਿ ਜਿਸ ਨੂੰ ਪਹਿਲ ਦੇ ਅਧਾਰ ਤੇ ਸਵੱਛ ਭਾਰਤ ਮਿਸ਼ਨ (ਅਰਬਨ ) ਜਾ ਸੀ.ਐਸ.ਆਰ (ਕਾਰਪੋਰੇਟ ਸੋਸ਼ਲ ਰਿਸਪੋਂਸੀਬਿਲਟੀ) ਰਾਂਹੀਂ ਪੂਰਾ ਕੀਤਾ ਜਾਵੇਗਾ। ਨਗਰ ਨਿਗਮ, ਬਠਿੰਡਾ ਦੀ ਹਦੂਦ ਅੰਦਰ ਲੋਕਾ ਨੂੰ ਸਫਾਈ ਅਤੇ ਸੋਲਿਡ ਵੇਸਟ ਮੈਨੇਜਮੈਂਟ ਸਰਵਿਸ ਦੇਣਾ ਨਗਰ ਨਿਗਮ ਦੀ ਜਿੰਮੇਵਾਰੀ ਹੈ ਕਿਉਂਕਿ ਉਕਤ ਕੰਮ ਜਰੂਰੀ ਸੇਵਾਵਾ ਅਧੀਨ ਆਉਦੇ ਹਨ ਜੇਕਰ ਉਕਤ

ਸਮਾਨ ਦੀ ਪੂਰਤੀ ਸਵੱਛਭਾਰਤਮਿਸ਼ਨ (ਅਰਬਨ), ਸੀ.ਐਸ.ਆਰ ( ਕਾਰਪੋਰੇਟ ਸੋਸ਼ਲ ਰਿਸਪੋਸੇਬਿਲਟੀ ) ਨਾਲ ਨਹੀ ਹੁੰਦੀ ਤਾਂ ਨਗਰ ਨਿਗਮ ਦੇ ਮਿਊਂਸੀਪਲ ਫੰਡਾ ਵਿੱਚੋ ਪੂਰਤੀ ਕਰਵਾਈ ਜਾਵੇਗੀ। ਇਥੇ ਇਹ ਦੱਸਣ ਯੋਗ ਹੈ ਕਿ ਉਕਤ ਇੰਫਰਾਸਟਕਚਰ ਦੀ ਪੂਰਤੀ 5 ਸਾਲਾ ਲਈ ਨਗਰ ਨਿਗਮ, ਬਠਿੰਡਾ ਵੱਲੋ ਕੀਤੀ ਜਾਵੇਗੀ ਇਸ ਦੀ ਸਾਂਭ ਸੰਭਾਲ ਸੈਲਫ ਹੈਲਪ ਗਰੁਪਾਂ ਵੱਲੋ ਕੀਤੀ ਜਾਵੇਗੀ

ਫੇਜ-4, 5, 3 ਅਤੇ ਨਰੂਆਣਾ ਇਸਟੇਟ ਦੇ ਕਰਵਾਏ ਗਏ ਸਰਵੇ ਅਨੁਸਾਰ ਉਕਤ ਜਗ੍ਹਾ ਤੋ ਘਰਾਂ ਅਤੇ ਦੁਕਾਨਾ ਤੋ ਹੇਠ ਲਿਖੇ ਅਨੁਸਾਰ ਗਾਰਬੇਜ਼ ਕੁਲੈਕਸ਼ਨ ਹੋਣ ਦਾ ਅਨੁਮਾਨ ਹੈ :

| ਘਰਾਂ/ਦੁਕਾਨਾ ਦੀ ਸੰਖਿਆ (ਫੇਜ਼/ਇਲਾਕੇ ਦਾਨਾਮ ) | ਰਿਹਾਇਸ਼ੀ/ਕਮਰਸ਼ੀਅਲ | ਘਰਾਂ/ਦੁਕਾਨਾ ਦੀ ਗਿਣਤੀ | ਨਗਰ ਨਿਗਮਵੱਲੋ ਨਿਰਧਾਰਤਗਾਰਬੇਜ਼ ਦੇ ਯੂਜਰਚਾਰਜ | ਡੋਰ-ਟੂ-ਡੋਰ ਗਾਰਬੇਜ਼ ਕੁਲੈਕਸ਼ਨ (ਰੁਪਏ) ਤੋ ਆਮਦਨ |
|---|---|---|---|---|
| ਫੇਜ਼ 4 (400,500,1000) ਗਜ | ਰਿਹਾਇਸ਼ੀ | 72 | 50 | 3600 |
| ਫੇਜ਼ 5 (100-150) ਗਜ | ਰਿਹਾਇਸ਼ੀ | 308 | 30 | 9240 |
| ਫੇਜ਼ 5 (200-300) ਗਜ | ਰਿਹਾਇਸ਼ੀ | 182 | 50 | 9100 |
| ਫੇਜ਼ 5 (15) ਗਜ | ਕਮਰਸ਼ੀਅਲ | 01 | 50 | 50 |
| ਕੁਲ ਆਮਦਨ | | | | 21990/- |

| ਘਰਾਂ/ਦੁਕਾਨਾ ਦੀ ਸੰਖਿਆ (ਫੇਜ਼/ਇਲਾਕੇ ਦਾਨਾਮ ) | ਰਿਹਾਇਸ਼ੀ/ਕਮਰਸ਼ੀਅਲ | ਘਰਾਂ/ਦੁਕਾਨਾ ਦੀ ਗਿਣਤੀ | ਨਗਰ ਨਿਗਮ ਵੱਲੋ ਨਿਰਧਾਰਤ ਗਾਰਬੇਜ਼ ਦੇ ਯੂਜਰ ਚਾਰਜ | ਡੋਰ-ਟੂ-ਡੋਰ ਗਾਰਬੇਜ਼ ਕੁਲੈਕਸ਼ਨ (ਰੁਪਏ) ਤੋ ਆਮਦਨ |
|---|---|---|---|---|

| | | | | |
|---|---|---|---|---|
| ਫੇਜ਼ 3 (200-500) ਗਜ | ਰਿਹਾਇਸ਼ੀ | 494 | 50 | 24700 |
| ਫੇਜ਼ 3 (100-150) ਗਜ | ਰਿਹਾਇਸ਼ੀ | 534 | 30 | 16020 |
| ਫੇਜ਼ 3 (22-100) ਗਜ | ਕਮਰਸ਼ੀਅਲ | 86 | 50 | 4300 |
| ਫੇਜ਼ 5 (2000) ਗਜ | ਕਮਰਸ਼ੀਅਲ | 01 | 2000 | 2000 |
| ਨਿਰਵਾਨਾਅਸਟੇਟ (140) ਗਜ | ਰਿਹਾਇਸ਼ੀ | 17 | 30 | 510 |
| ਨਿਰਵਾਨਾਅਸਟੇਟ ( 200-1000) ਗਜ | ਰਿਹਾਇਸ਼ੀ | 97 | 50 | 4850 |
| **ਕੁਲ ਆਮਦਨ** | | | | **52380/-** |

ਲੇਬਰ ਐਕਟ ਅਨੁਸਾਰ ਕੰਮ ਕਰਨ ਵਾਲੀ ਲੇਬਰ ਨੂੰ ਸਰਕਾਰ ਵੱਲੋ ਨਿਰਧਾਰਤ ਘੱਟੋ ਘੱਟ ਉਜਰਤਾ ਦੇਣੀਆ ਜਰੂਰੀ ਹਨ ਨਾਲ ਹੀ ਉਕਤ ਕੰਮ ਕਰਵਾਉਣਾ ਨਗਰ ਨਿਗਮ, ਬਠਿੰਡਾ ਦੀ ਜਿੰਮੇਵਾਰੀ (ਜਰੂਰੀ ਸੇਵਾਵਾ ) ਵਿੱਚਆਉਂਦਾ ਹੈ। ਇਸ ਲਈ ਬਣਦੀ Gap Funding ਮਿਊਂਸੀਪਲ ਫੰਡਾ ਵਿੱਚੋ ਕੀਤੀ ਜਾਵੇਗੀ। ਤਜਵੀਜ Cost Sharing Model ਨੂੰ ਪ੍ਰਵਾਣਗੀ ਦੇਣ ਹਿੱਤ ਵਿੱਤ ਅਤੇ ਲੇਖਾ ਕਮੇਟੀ (F&CC) ਦੇ ਵਿਚਾਰ ਹਿੱਤ ਪੇਸ਼ ਹੈ ਜੀ।

**ਪਾਸ ਕੀਤਾ ਜਾਂਦਾ ਹੈ ਕਿ ਕਿਉਂ ਜੋ ਇਹ ਇੱਕ ਪਾਲਿਸੀ ਮੈਟਰ ਹੈ। ਇਸ ਲਈ ਇਸ ਮੱਦ ਨੂੰ ਐਫ.ਐਂਡ ਸੀ.ਸੀ. ਵਿੱਚ ਨਾ ਵਿਚਾਰ ਕੇ ਹਾਊਸ ਵਿੱਚ ਵਿਚਾਰ ਹਿੱਤ ਪੇਸ਼ ਕੀਤਾ ਜਾਣਾ ਪਾਸ ਕੀਤਾ ਜਾਂਦਾ ਹੈ।**

3 | 420

**ਏਜੰਡਾ ਨੰ: 3:**

ਰਿਪੋਰਟ ਸਟੋਰਕੀਪਰ ਕਿ ਸਫਾਈ ਕਰਮਚਾਰੀਆਂ ਲਈ ਸ਼ਹਿਰ ਵਿੱਚੋਂ ਸੜ੍ਹਕਾਂ, ਗਲੀਆਂ, ਨਾਲੀਆਂ ਦੀ ਸਫਾਈ ਤੋਂ ਬਾਅਦ ਕੂੜ੍ਹਾ, ਨਾਲੀਆਂ ਦੀ ਗਾਰ ਚੁੱਕਣ ਲਈ ਸਿਹਤ ਸ਼ਾਖਾ ਵੱਲੋਂ 400 ਪੀਸ ਹੱਥ ਰੇਹੜੀਆਂ ਦੀ ਮੰਗ ਕੀਤੀ ਗਈ ਹੈ। ਇਸ ਲਈ ਸਿਹਤ ਸ਼ਾਖਾ ਲਈ 400 ਪੀਸ ਹੱਥ ਰੇਹੜੀਆਂ ਦੀ ਖਰੀਦ ਕਰਨ ਲਈ ਜੈਮ ਪੋਰਟਲ ਤੋਂ ਮਿਤੀ 27.12.2022 ਨੂੰ ਜੈਮ ਪੋਰਟਲ ਤੇ ਬਿੱਡ ਲਗਾਈ ਗਈ ਸੀ। ਨਿਸ਼ਚਿਤ ਸਮੇਂ ਅਤੇ ਮਿਤੀ ਤੇ 23 ਫਰਮਾਂ ਵੱਲੋ ਂਬਿੱਡ ਵਿੱਚ ਹਿੱਸਾ ਲਿਆ ਗਿਆ ਹੈ। ਇਹ ਫਰਮਾਂ ਹੇਠ ਲਿਖੇ ਅਨੁਸਾਰ ਹਨ:

| Sr.No | Name of the Firm | Make | Accept/Reject |
|---|---|---|---|
| 1 | HANSHIL ENTERPRISES | NA | √ |

<table>
<tr>
<td></td>
<td></td>
<td>
<table>
<tr><td>2</td><td>M. J. ENTERPRISES</td><td>NA</td><td>√</td></tr>
<tr><td>3</td><td>AAR AAR ENTERPRISES</td><td>NA</td><td>√</td></tr>
<tr><td>4</td><td>LUXMI ENGINEERS</td><td>LUXMI</td><td>√</td></tr>
<tr><td>5</td><td>KAKKAR ASSOCIATES</td><td>KAKAR</td><td>√</td></tr>
<tr><td>6</td><td>JAGDAMBA SHAKTI ENTERPRISES</td><td>NA</td><td>√</td></tr>
<tr><td>7</td><td>MBS FACILITIES PRIVATE LIMITED</td><td>EK NAYI SOCH</td><td>√</td></tr>
<tr><td>8</td><td>PREM ENTERPRISES</td><td>WHEELSBARROWS</td><td>√</td></tr>
<tr><td>9</td><td>S G ELECTRICALS</td><td>NA</td><td>√</td></tr>
<tr><td>10</td><td>SRN ENVIRO ENGINEERS</td><td>SPRN</td><td>√</td></tr>
<tr><td>11</td><td>ALFLAH MANUFACTURING COMPANY</td><td>NA</td><td>√</td></tr>
<tr><td>12</td><td>SRS INDUSTRIES</td><td>A&C</td><td>√</td></tr>
<tr><td>13</td><td>BALAJI ENTERPRISES</td><td>NA</td><td>√</td></tr>
<tr><td>14</td><td>GREEN INDIA ENVIRO & INFRASTRUCTURE</td><td>NA</td><td>√</td></tr>
<tr><td>15</td><td>JOSHI BROTHERS</td><td>NA</td><td>√</td></tr>
<tr><td>16</td><td>UNIVERSAL TRADERS</td><td>GOOD QUALITY</td><td>√</td></tr>
<tr><td>17</td><td>K. K. INTERNATIONAL</td><td>NA</td><td>√</td></tr>
<tr><td>18</td><td>ARMY TRADERS (INDIA)</td><td>NA</td><td>√</td></tr>
<tr><td>19</td><td>SONI STEEL FURNITURE</td><td>NA</td><td>√</td></tr>
<tr><td>20</td><td>ANKIT ENTERPRISES</td><td>NA</td><td>√</td></tr>
<tr><td>21</td><td>DIGITECH</td><td>NA</td><td>√</td></tr>
<tr><td>22</td><td>KRISHNA TRADING COMPANY</td><td>NA</td><td>√</td></tr>
<tr><td>23</td><td>GHANSHYAM ENGINEERING INDUSTRIES</td><td>NA</td><td>√</td></tr>
</table>
ਉਕਤ ਅਨੁਸਾਰ 23 ਫਰਮਾਂ ਵੱਲੋਂ ਹਿੱਸਾ ਲਿਆ ਗਿਆ। 140 ਲੀਟਰ ਦੀਆਂ 400 ਹੱਥ ਰੇਹੜੀਆਂ ਖਰੀਦ ਕਰਨ ਦਾ ਤਖਮੀਨਾ ਮੁਬਲਿਗ 27,10,000/- ਰੁਪਏ ਦਾ ਐਫ.ਐਂਡ ਸੀ.ਸੀ. ਵੱਲੋਂ ਪਾਸ ਹੋਇਆ ਸੀ। ਫਰਮ ਵੱਲੋਂ ਐਲ-1 HANSHIL ENTERPRISES ਵੱਲੋਂ ਇਹ ਰੇਹੜੀਆਂ ਮੁਬਲਿਗ 18,27,200/- ਰੁਪਏ ਵਿੱਚ ਦੇਣ ਦੀ ਪੇਸ਼ਕਸ਼ ਕੀਤੀ ਹੈ। ਕੰਪਨੀ ਵੱਲੋਂ 32.57% ਲੈਸ ਤੇ ਦਿੱਤੀਆਂ ਜਾ ਰਹੀਆਂ ਹਨ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।</td>
</tr>
<tr>
<td>4</td>
<td>421</td>
<td><u>ਏਜੰਡਾ ਨੰ: 4:</u><br>ਰਿਪੋਰਟ ਵਰਕਸ ਸ਼ਾਖਾ ਕਿ Disposal of Rain Water by laying storm sewer line Sirki Bazar of Sanjay Tobha at Bathinda ਦੇ ਕੰਮ ਦਾ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮਿਤੀ 17.06.2022 ਨੂੰ ਪਹਿਲੀ ਵਾਰ ਮੰਗਿਆ ਗਿਆ ਸੀ। ਪਰੰਤੂ ਇਸ ਵਿੱਚ 2 ਫਰਮਾਂ ਦੇ ਟੈਂਡਰ ਪ੍ਰਾਪਤ ਹੋਏ ਹਨ।Punjab Govt. Gaz. (Extra), 07.01.2022, ਜੋ ਕਿ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਦੇ ਪੱਤਰ ਨੰ: CE/2022/5427-29 ਮਿਤੀ 04.02.2022 ਦੇ Section No. 28(6)</td>
<td></td>
</tr>
</table>

ਅਨੁਸਾਰ ਪਹਿਲੀ ਵਾਰ ਕਾਲ ਕੀਤੇ ਗਏ ਟੈਂਡਰ ਵਿਚੋਂ atleast two bidder ਦੀ ਬਿੱਡ ਨੂੰ ਖੋਲਿਆ ਜਾ ਸਕਦਾ ਹੈ। ਇਸ ਲਈ ਪ੍ਰਾਪਤ ਦੋਨੋਂ ਫਰਮਾਂ ਦੀਆਂ ਟੈਕਨੀਕਲ ਬਿੱਡਾਂ ਦੀ ਘੋਖ ਕਰਨ ਉਪਰੰਤ ਇਹਨਾਂ ਫਰਮਾਂ ਦੇ ਰੇਟ ਖੋਲੇ ਗਏ, ਜੋ ਕਿ ਹੇਠ ਲਿਖੇ ਅਨੁਸਾਰ ਹਨ:

| Sr.No. | Agency Name | Estimate Cost | Quoted Rate | Quoted Rate |
|---|---|---|---|---|
| 1 | Jai Brahmani Builders and Consultants | 8454000.00 | (-) 8.50 | 7735410.00 |
| 2 | The Raipur Co-op L/C Society Ltd. | 8454000.00 | (-) 7.33 | 7834321.80 |

ਉਪਰੋਕਤ ਟੈਂਡਰਾਂ ਵਿੱਚੋਂ ਸੱਭ ਤੋਂ ਘੱਟ ਰੇਟ Jai Brahmani Builders and Consultants (L-1) ਵੱਜੋਂ (−) 8.50% ਮੁਬਲਿਗ 7735410/- ਰੁਪਏ ਪ੍ਰਾਪਤ ਹੋਏ ਹਨ। ਉਕਤ ਅਨੁਸਾਰ ਕੰਪੈਰੇਟਿਵ ਸਟੇਟਮੈਂਟ ਵੈਟ ਕਰਨ ਲਈ ਇਸ ਦਫਤਰ ਦੇ ਪੱਤਰ ਨੰ: 1815 ਮਿਤੀ 24.06.2022 ਰਾਹੀਂ ਮੁੱਖ ਇੰਜੀਨੀਅਰ (ਨਗਰ ਨਿਗਮਾਂ), ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਨੂੰ ਭੇਜਿਆ ਗਿਆ ਸੀ, ਜਿਸ ਵਿੱਚ ਉਹਨਾਂ ਵੱਲੋਂ ਆਪਣੇ ਪੱਤਰ ਨੰ: ਸੀ.ਈ.-2022/25920 ਮਿਤੀ 26.07.2022 ਅਨੁਸਾਰ ਹੇਠ ਲਿਖੇ ਅਨੁਸਾਰ ਰਿਕਾਰਡ ਦੀ ਮੰਗ ਕੀਤੀ ਗਈ ਹੈ:

| ਲੜੀ ਨੰ: | ਮੰਗਿਆ ਗਿਆ ਸਪਸ਼ਟੀਕਰਨ/ ਰਿਕਾਰਡ | ਜਵਾਬ |
|---|---|---|
| 1 | ਇਸ ਕੰਮ ਦੇ ਮਤੇ ਦੀ ਸਰਕਾਰ ਦੀ ਪ੍ਰਵਾਨਗੀ ਦੀ ਕਾਪੀ ਦਿੱਤੀ ਜਾਵੇ। | ਉਪਰੋਕਤ ਕੰਮ ਨਗਰ ਨਿਗਮ ਦੇ F&CC ਦੇ ਮਤਾ ਨੰ: 368(1) ਮਿਤੀ 25.05.2022 ਰਾਹੀਂ ਪ੍ਰਵਾਨ ਹੈ। ਨਗਰ ਨਿਗਮ ਦੇ ਮਤੇ ਦੀ ਪ੍ਰਵਾਨਗੀ ਦੀ ਕਾਪੀ ਨਾਲ ਨੱਥੀ ਹੈ। |
| 2 | ਤਖਮੀਨੇ ਸਬੰਧੀ ਡਿਟੇਲ ਰਿਪੋਰਟ ਦਿੱਤੀ ਜਾਵੇ। | ਕੰਮ ਦਾ ਡਿਟੇਲਡ ਤਖਮੀਨਾ ਨਾਲ ਨੱਥੀ ਹੈ। |
| 3 | ਟੈਕਨੀਕਲ ਬਿਡ ਅਸੈਸਮੈਂਟ ਸਬੰਧੀ ਰਿਪੋਰਟ ਦੀ ਕਾਪੀ ਦਿੱਤੀ ਜਾਵੇ। | ਟੈਕਨੀਕਲ ਬਿੱਡ ਅਸੈਸਮੈਂਟ ਸਬੰਧੀ ਰਿਪੋਰਟ ਦੀ ਕਾਪੀ ਨਾਲ ਨੱਥੀ ਹੈ। |

ਮਾਨਯੋਗ Chief Engineer, Local Govt. ਜੀ ਵੱਲੋਂ ਆਪਣੇ ਦਫਤਰੀ ਪੱਤਰ ਨੰ: CE-2022/39373 ਮਿਤੀ 30.09.2022 ਰਾਹੀਂ Disposal of Rain Water by laying Storm Sewer line Sirki Bazar to Sanjay Tobha, Bathinda ਦੇ ਕੰਮ ਦੇ ਰੇਟ ਵੈਟ ਕਰ ਦਿੱਤੇ ਹਨ।

ਉਕਤ ਅਨੁਸਾਰ ਕੇਸ ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 19.12.2022 ਨੂੰ ਵਿਚਾਰ ਹਿਤ ਪੇਸ਼ ਕੀਤਾ ਗਿਆ ਸੀ, ਜੋ ਕਿ ਮਤਾ ਨੰਬਰ 402 ਮਿਤੀ 19.12.2022 ਰਾਹੀਂ ਇਹ ਪਾਸ ਕੀਤਾ ਗਿਆ ਕਿ ਕਿ "**ਇਸ ਕੰਮ ਸਬੰਧੀ ਪਹਿਲਾਂ Technical Feasibility ਚੈਕ ਕੀਤੀ ਜਾਵੇ। ਇਹ ਵੀ ਚੈਕ ਕੀਤਾ ਜਾਵੇ ਕਿ ਲੇਵਲ ਵਰਕੇਬਲ ਹੈ ਜਾਂ ਨਹੀਂ? ਟੈਕਨੀਕਲ ਫਿਜ਼ੀਬਿਲਟੀ ਰਿਪੋਰਟ ਆਉਣ ਤੱਕ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ**"।

ਉਕਤ ਸਬੰਧੀ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ "ਇਸ ਦਫਤਰ ਵੱਲੋਂ ਸਿਰਕੀ ਬਾਜਾਰ ਤੋਂ ਸੰਜੇ ਟੋਭੇ ਤੱਕ ਸੀਵਰ ਦੇ ਪਾਣੀ ਲਈ ਪਾਈ ਜਾਣ ਵਾਲੀ ਪਾਈਪ ਦੀ ਫਿਜ਼ੀਬਿਲਟੀ ਚੈਕ ਕੀਤੀ ਗਈ। ਉਸ ਸਬੰਧੀ ਰਿਪੋਰਟ ਕੀਤੀ ਜਾਂਦੀ ਹੈ ਕਿ ਸਿਰਕੀ ਬਾਜਾਰ ਇਨਸਟਾਲੇਸ਼ਨ ਵਿਖੇ 3 ਨੰਬਰ 40

| | | | |
|---|---|---|---|
| | | ਬੀ.ਐਚ.ਪੀ. ਦੇ ਪੰਪ ਸੈਟ ਲੱਗੇ ਹੋਏ ਹਨ, ਜਿੰਨ੍ਹਾਂ ਵਿੱਚੋਂ 2 ਨੰਬਰ ਪੰਪ ਵਰਕਿੰਗ ਅਤੇ 1 ਨੰਬਰ ਸਟੈਂਡ ਬਾਏ ਪ੍ਰਬੰਧ ਲਈ ਹੈ। ਇਸ ਤੋਂ ਇਲਾਵਾ ਸਿਰਕੀ ਬਾਜਾਰ ਵਿਖੇ ਨਗਰ ਨਿਗਮ ਬਠਿੰਡਾ ਵੱਲੋਂ ਅਰਜੀ ਤੋਰ ਤੇ 80 ਬੀ.ਐਚ.ਪੀ. ਦਾ ਪੰਪ ਸੈਟ ਲਗਾਇਆ ਹੋਇਆ ਹੈ। ਇਮਨ੍ਹਾਂ ਪੰਪ ਸੈਟਾਂ ਦਾ ਡਿਸਚਾਰਜ਼ 17 ਕਿਉਸਿਕ ਬਣਦਾ ਹੈ, ਜੋ ਕਿ ਓਪਨ ਚੈਨਲ ਰਾਹੀਂ ਸੰਜੇ ਟੋਭੇ ਵਿਚ ਪਾਇਆ ਜਾ ਰਿਹਾ ਹੈ। ਹੁਣ ਨਗਰ ਨਿਗਮ ਬਠਿੰਡਾ ਵੱਲੋਂ ਪਾਣੀ ਦੀ ਨਿਕਾਸੀ ਲਈ ਵੱਖਰੇ ਤੋਰ ਤੇ ਸਿਕਾਰੀ ਬਾਜਾਰ ਤੋਂ ਸੰਜੇ ਟੋਭੇ ਤੱਕ ਪਾਈਪ ਪਾਉਣ ਦੀ ਤਜਵੀਜ ਹੈ। ਇਹ ਪਾਈਪ ਲਾਈਨ ਲਗਾਉਣ ਸਬੰਧੀ ਨਗਰ ਨਿਗਮ ਬਠਿੰਡਾ ਵੱਲੋਂ ਇਸ ਦਫਤਰ ਨੂੰ ਇਸ ਪਾਈਪ ਲਾਈਨ ਦੀ ਫਿਜ਼ੀਬਿਲਟੀ ਚੈਕ ਕਰਨ ਲਈ ਕਿਹਾ ਗਿਆ ਹੈ, ਅਤੇ ਨਗਰ ਨਿਗਮ ਬਠਿੰਡਾ ਵੱਲੋਂ ਇਹ ਪਾਈਪ ਲਗਾਉਣ ਸਬਧੀ GEO MEDIA ਤੋਂ ਲੈਵਲ ਕਰਵਾਏ ਗਏ ਹਨ। ਇੰਨ੍ਹਾਂ ਦੀ ਲੈਵਲ ਸ਼ੀਟ ਮੁਤਾਬਿਕ ਸਿਰਕੀ ਬਾਜਾਰ ਵਿਖੇ ਗਰਾਉਂਡ ਲੈਵਲ 97.481 ਮੀਟਰ ਹੈ ਅਤੇ ਸੰਜੇ ਟੋਭੇ ਨੇੜੇ ਜਿਸ ਕਲਵਰਟ ਰਾਹੀਂ ਪਾਣੀ ਦੀ ਨਿਕਾਸੀ ਕੀਤੀ ਜਾਣੀ ਹੈ ਉਸਦਾ ਇੰਨਵਰਟ ਲੈਵਲ 97.04 ਮੀਟਰ ਹੈ। ਇੰਨ੍ਹਾ ਲੈਵਲਾਂ ਮੁਤਾਬਿਕ ਸਿਰਕੀ ਬਾਜਾਰ ਤੋਂ ਸੰਜੇ ਟੋਭੇ ਤੱਕ ਬਾਈ ਗਰੈਵਿਟੀ ਪਾਣੀ ਦੀ ਨਿਕਾਸੀ ਨਹੀਂ ਹੋ ਸਕਦੀ। ਸਿਰਕੀ ਬਾਜਾਰ ਤੋਂ ਸੰਜੇ ਟੋਭਾ ਤੱਕ ਪਾਈ ਜਾਣ ਵਾਲੀ ਪਾਈਪ ਜਿਸਦੀ ਕਪੈਸਿਟੀ ਲਗਭਗ 5 ਕਿਉਸਿਕ ਹੈ, ਨੂੰ ਸਿਰਕੀ ਬਾਜਾਰ ਵਿਖੇ ਘੱਟੋ ਘੱਟ 95.58 ਮੀਟਰ ਲੈਵਲ ਤੋਂ ਸ਼ੁਰੂ ਕਰਨਾ ਪਵੇਗਾ, ਜਿਸ ਮੁਤਾਬਿਕ ਕਲਵਰਟ ਦੇ ਨੇੜੇ ਪਾਈਪ ਦਾ ਇੰਨਵਰਟ ਲੈਵਲ 94.84 ਮੀਟਰ ਹੋ ਜਾਵੇਗਾ। ਕਿਉਂਕਿ ਕਲਵਰਟ ਦਾ ਇੰਨਵਰਟ ਲੈਵਲ 97.04 ਮੀਟਰ ਹੈ, ਜਿਸ ਕਰਕੇ ਦਾਣਾ ਮੰਡੀ ਵਿਖੇ ਡੂੰਗਾਂ ਸੰਪ ਵੈਲ ਬਣਾ ਕੇ ਪੰਪਿੰਗ ਸੈਟ ਰਾਹੀਂ ਇਹ ਪਾਣੀ ਕਲਵਰਟ ਵਿੱਚ ਪਾਇਆ ਜਾ ਸਕਦਾ ਹੈ ਅਤੇ ਇਸ ਪੰਪਿੰਗ ਸਟੇਸ਼ਨ ਰਾਹੀਂ ਹੋਰ 5 ਕਿਉਸਿਕ ਡਿਸਚਾਰਜ਼ ਸੰਜੇ ਟੋਭੇ ਵਿੱਚ ਪਾਇਆ ਜਾ ਸਕੇਗਾ ਜੀ"।<br>ਕੇਸ ਐਫ.ਐਂਡ ਸੀ. ਸੀ ਦੇ ਮੁੜ੍ਹ ਤੋਂ ਵਿਚਾਰ ਹਿੱਤ। | **ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਮੰਡਲ ਨੰਬਰ 1, ਬਠਿੰਡਾ ਦੀ ਰਿਪੋਰਟ ਮੁਤਾਬਿਕ ਸਿਰਕੀ ਬਾਜਾਰ ਤੋਂ ਸੰਜੇ ਟੋਭੇ ਤੱਕ ਸੀਵਰ ਦੇ ਪਾਣੀ ਦੀ ਨਿਕਾਸੀ ਲਈ ਪਾਈ ਜਾਣ ਵਾਲੀ ਪਾਈਪ ਦੀ ਫਿਜ਼ੀਬਿਲਟੀ ਸਹੀ ਨਾ ਹੋਣ ਕਾਰਨ ਇਸ ਕੰਮ ਨੂੰ ਰੱਦ ਕਰਨਾ ਪਾਸ ਕੀਤਾ ਜਾਂਦਾ ਹੈ।** |
| 5 | 422 | **ਏਜੰਡਾ ਨੰ: 5:**<br><br>ਰਿਪੋਰਟ ਵਿਗਿਆਪਨ ਕਰ ਸ਼ਾਖਾ ਕਿ ਸੰਭਾਵਿਤ ਐਡਵਰਟਾਇਜ਼ਮੈਂਟ ਬੋਲੀਕਾਰਾਂ ਨਾਲ ਕਮਿਸ਼ਨਰ, ਨਗਰ ਨਿਗਮ,ਬਠਿੰਡਾ ਜੀ ਵੱਲੋਂ ਐਡਵਰਟਾਇਜ਼ਮੈਂਟ ਪੋਰਟਲ ਬਾਰੇ ਜਾਣੂ ਕਰਵਾਉਣ ਲਈ ਇੱਕ ਮੀਟਿੰਗ ਮਿਤੀ 20.02.2022 ਨੂੰ ਕੀਤੀ ਗਈ। ਇਸ ਮੀਟਿੰਗ ਵਿੱਚ ਲਗਭਗ ਸਾਰੀਆਂ ਹੀ ਐਡਵਰਟਾਇਜ਼ਮੈਂਟ ਏਜੰਸੀਆਂ ਦੇ ਨੁਮਾਇੰਦਿਆਂ ਵੱਲੋਂ ਮੰਗ ਕੀਤੀ ਗਈ ਕਿ ਨਗਰ ਨਿਗਮ ਬਠਿੰਡਾ ਵੱਲੋਂ ਡੈਕੋਰੇਟਿਵ ਪੋਲ 10/- ਰੁਪਏ ਪ੍ਰਤੀ ਫੁੱਟ, ਯੂਨੀਪੋਲ 10/- ਰੁਪਏ ਪ੍ਰਤੀ ਫੁਟ ਬਿਨਾਂ ਲਾਈਟ ਅਤੇ ਯੂਨੀਪੋਲ 15/- ਰੁਪਏ ਪ੍ਰਤੀ ਫੁੱਟ ਲਾਈਟ ਨਾਲ ਰੱਖੇ ਗਏ ਰੇਟ ਜਿਆਦਾ ਹਨ, ਸੋ ਇੰਨ੍ਹਾਂ ਨੂੰ ਘੱਟ ਕੀਤਾ ਜਾਵੇ।<br>ਉਕਤ ਮੰਗ ਅਨੁਸਾਰ ਇੰਨਾਂ ਰੇਟਾਂ ਨੂੰ ਘੱਟ ਕਰਕੇ ਡੈਕੋਰੇਟਵਿ ਪੋਲ 5/- ਰੁਪਏ ਪ੍ਰਤੀ ਫੁੱਟ, ਯੂਨੀਪੋਲ 8 ਰੁਪਏ ਪ੍ਰਤੀ ਫੁੱਟ ਬਿਨਾਂ ਲਾਈਟ ਅਤੇ ਯੂਨੀਪੋਲ 12/- ਰੁਪਏ ਪ੍ਰਤੀ ਫੁੱਟ ਲਾਈਟ ਨਾਲ ਕਰਨ ਲਈ ਕੇਸ ਐਫ.ਐਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**